# ਮੇਰਾ ਬੱਚਾ ਸਕੂਲ ਜਾਣਾ ਸ਼ੁਰੂ ਕਰਨ ਲੱਗਾ ਹੈ

## ਮਾਪਿਆਂ ਅਤੇ ਸੰਭਾਲਕਾਂ ਲਈ ਸੇਧ







"ਖੇਡ ਸਭ ਤੋਂ ਉੱਤਮ ਤਰੀਕੇ ਦੀ ਖੋਜ ਹੈ।"

— Albert Einstein









"ਬੱਚਿਆਂ ਨੂੰ ਸੋਚਣਾ ਸਿਖਾਉਣਾ ਚਾਹੀਦਾ ਹੈ, ਨਾਂ ਕਿ ਕੀ ਸੋਚਣਾ ਹੈ।"

— Margaret Mead

connect
CHILD AND FAMILY SERVICES

TRANSITION TO SCHOOL

Punjabi

'My child is starting school – a guide for parents and caregivers': NAATI accredited translation

# ਮੇਰਾ ਬੱਚਾ ਸਕੂਲ ਜਾਣਾ ਸ਼ੁਰੂ ਕਰ ਰਿਹਾ ਹੈ

## ਸਕੂਲ ਜਾਣ ਲਈ ਲਈ ਪਰਿਵਰਤਨ

**ਸੋ ਤੁਹਾਡਾ ਬੱਚਾ ਸਕੂਲ ਜਾਣ ਦੀ ਸ਼ੁਰੂਆਤ ਕਰ ਰਿਹਾ ਹੈ, ਜੋ ਕਿ ਇੱਕ ਬਹੁਤ ਦਿਲਚਸਪ ਮੀਲ-ਪੱਥਰ ਹੈ। ਤੁਹਾਡੇ ਬੱਚੇ ਅਤੇ ਤੁਹਾਡੇ ਪਰਿਵਾਰ ਲਈ ਇਸ ਦੇ ਅਨਕੂਲ ਹੋਣ ਲਈ ਸਮਾ ਲਗ ਸਕਦਾ ਹੈ।**

ਇਸ ਦੀ ਨਿਸ਼ਚੇਵਾਨ ਸ਼ੁਰੁਆਤ ਲਈ ਇਹ ਕੁੱਝ ਸੰਕੇਤ ਹਨ:

- ਘਰ ਦੀ ਰੁਟੀਨ ਨੂੰ ਯੋਗ, ਅਤੇ ਸ਼ਾਂਤਮਈ ਬਣਾਈ ਰੱਖੋ
- ਆਪਣੇ ਬੱਚੇ ਨਾਲ ਗਲਬਾਤ ਲਈ ਮਹੌਲ ਖੁਲ੍ਹਾ ਰੱਖੋ
- ਹਰ ਰੋਜ਼ ਸਵੇਰੇ ਘੰਟੀ ਵੱਜਣ ਤੋਂ ਪਹਿਲਾਂ ਪਹੁੰਚੋ
- •ਆਪਣੇ ਬੱਚੈ ਨਾਲ ਸਲਾਹ ਮਸ਼ਵਰਾ ਕਰੋ ਕਿ ਉਹ ਘਰ ਵਾਪਸ ਕਿਵੇਂ ਆ ਰਹੇ ਹਨ
- ਉਨ੍ਹਾਂ ਦੇ ਅਧਿਆਪਕ ਨਾਲ ਰਾਬਤਾ ਰੱਖੋ

## ਆਪਣੇ ਬੱਚੇ ਦੇ ਸਕੂਲ ਨੂੰ ਜਾਣੋ

ਹਰੇਕ ਸਕੂਲ ਦੀ ਬਰਾਦਰੀ (ਕਮਯੁਨਿੱਟੀ) ਵਿਲੱਖਣ ਹੁੰਦੀ ਹੈ।

ਇਹ ਚੰਗੀ ਗਲ ਹੁੰਦੀ ਹੈ ਕਿ:

- ਉਨ੍ਹਾਂ ਦੇ ਪਰਿਵਰਤਣ, ਔਰੀਐਂਟੇਸ਼ਨ (orientation) ਜਾਂ ਜਾਣਕਾਰੀ ਸਮਾਗਮਾਂ ਵਿੱਚ ਹਿਸਾ ਲਓ
- ਉਨ੍ਹਾਂ ਦੀਆਂ ਵੈਬਸਾਈਟਾਂ ਤੇ ਝਾਤ ਮਾਰੋ ਜਾਂ ਉਨ੍ਹਾਂ ਦੀਆਂ ਨੀਉਸਲੈਟਰਾਂ ਦੇ ਗਾਹਕ ਬਣੋ
- ਉਨ੍ਹਾਂ ਦੇ ਸੋਸ਼ਲ ਮੀਡੀਆ ਸਫਿਆਂ ਨੂੰ ਪੜ੍ਹੋ
- ਪ੍ਰਿੰਸੀਪਲ ਨੂੰ ਮਿਲੋ ਜਾਂ ਸਕੂਲ ਦੇ ਕਰਮਚਾਰੀਆਂ ਤੋਂ ਜਾਣਕਾਰੀ ਹਾਸਲ ਕਰੋ
- ਸਕੂਲ ਦੇ ਹੋਰਨਾ ਵਿਦਿਆਰਥੀਆਂ ਦੇ ਮਾਪਿਆਂ ਨਾਲ ਰਾਬਤਾ ਰੱਖੋ।

## ਪੜ੍ਹਾਈ ਲਿਖਾਈ ਦੀ ਯੋਗਤਾ

ਸਿਖਿਆ ਦਾ ਮੁਢ ਪੜ੍ਹਾਈ ਲਿਖਾਈ ਦੀ ਯੋਗਤਾ ਹੁੰਦੀ ਹੈ। ਗਲਬਾਤ ਕਰਨੀ ਅਤੇ ਸ਼ਬਦਾ ਦੀਆਂ ਧੁੰਨਾ ਦੀ ਪਹਿਚਾਣ ਕਰਨੀ ਪੜ੍ਹਨ ਦੀ ਸਫਲਤਾ ਦਾ ਧੁਰਾ ਹੁੰਦਾ ਹੈ।

ਨਿਯਮਬੱਧ ਤੌਰ ਤੇ ਆਪਣੇ ਬੱਚੇ ਨਾਲ ਪੜ੍ਹੋ, ਤੁਕਬੰਦੀ ਕਰੋ ਅਤੇ ਨਮੂੰਨੇ ਬਣਾਓ, ਗਾਓ, ਉਸ ਨੂੰ ਸੁਣੋ।ਇਸ ਤਰ੍ਹਾਂ ਕਰਨ ਨਾਲ ਉਹ ਪੜ੍ਹਾਈ ਲਿਖਾਈ ਦੀ ਯੋਗਤਾ ਦੇ ਹੁਨਰ ਬਣਦੇ ਹਨ ਜਿਹੜੇ ਜਾਣਕਾਰੀ ਅਤੇ ਗਲਬਾਤ ਸਮਝਣ ਲਈ ਲੋੜੀਂਦੇ ਹਨ।

ਜੇ ਅੰਗਰੇਜ਼ੀ ਤੁਹਾਡੀ ਮੁਖ ਭਾਸ਼ਾ ਨਹੀਂ ਹੈ, ਆਪਣੀ ਮਜ਼ਬੂਤ ਭਾਸ਼ਾ ਦੇ ਨਾਲ ਨਾਲ ਅੰਗਰੇਜ਼ੀ ਵੀ ਬੋਲੋ ਤਾਂ ਜੋ ਬਹੁ-ਭਾਸ਼ਾਈ ਅਤੇ ਸਭਿਆਚਾਰਕ ਹੁਨਰਾ ਅਤੇ ਵਿੱਚ ਵਾਧਾ ਹੋਵੇ।

## ਗਿਣਤ

ਜੀਵਨ ਭਰ ਗਿਣਤ ਹਮੇਸ਼ਾ ਸਾਡੇ ਇਰਦ ਗਿਰਦ ਰਹਿੰਦੀ ਹੈ। ਤੁਹਾਡਾ ਬੱਚਾ ਵਸਤਾਂ ਮਿਣਨ ਸਮੇਂ, ਪੌੜੀਆਂ ਚੜ੍ਹਦਿਆਂ ਪੌੜੀਆਂ ਨੂੰ ਗਿਣਦਾ ਹੈ, ਬਟਨਾ ਜਾ ਜੁਰਾਬਾਂ ਨੂੰ ਸਾਂਭਣ ਸਮੇਂ ਉਨ੍ਹਾਂ ਨੂੰ ਗਿਣਦਾ ਹੈ।

ਬਲਾਕਾਂ ਅਤੇ ਭਾਂਡਿਆਂ ਨਾਲ ਖੇਢਣ ਸਮੇਂ ਬੱਚੇ ਮਾਪ, ਸ਼ਕਲ ਅਤੇ ਅੰਤਰ ਸਭ ਨੂੰ 'ਗਿਣਤ' ਸਮਝਦੇ ਹਨ।

ਟਿਕਾਣਿਆ ਬਾਰੇ ਗਲ ਕਰੋ ਜਿਵੇਂ ਪਿੱਛੇ, ਨਾਲ ਹੀ, ਅਤੇ ਉਪਰ ਅਤੇ ਪੁਛੋ 'ਕਿਨ੍ਹੇ?' 'ਕਿਸ ਪਾਸੇ? ਜਾਂ ਕੀ 'ਇਹ ਪੂਰਾ ਹੈ?'

## ਦੋਸਤੀਆਂ

ਤੁਹਾਡੇ ਬੱਚੇ ਲਈ ਦੋਸਤ ਬਣਾਉਣੇ ਇੱਕ ਚਣੌਤੀ ਹੋ ਸਕਦੀ ਹੈ। ਤੁਸੀਂ ਉਨ੍ਹਾਂ ਦੀ ਮਦਦ ਇਸ਼ਾਰਿਆ ਨਾਲ ਕਰ ਸਕਦੇ ਹੋ ਕਿ ਕੀ ਖੇਡਾਂ ਖੇਡਣੀਆਂ ਹਨ, ਕਿਥੇ ਖੇਡਣੀਆਂ ਹਨ ਅਤੇ ਉਨ੍ਹਾਂ ਵਿੱਚ ਹੋਰਨਾਂ ਨੂੰ ਕਿਵੇਂ ਸ਼ਾਮਲ ਕਰਨਾ ਹੈ।

ਤੁਹਾਡਾ ਬੱਚਾ ਤੁਹਾਨੂੰ ਵੇਖ ਕੇ ਇਹ ਹੁਨਰ ਸਿੱਖ ਸਕਦਾ ਹੈ ਕਿਵੇਂ ਤੁਸੀਂ ਗਲਬਾਤ ਸ਼ੁਰੂ ਕਰਦੇ ਹੋ, ਮਸਲਿਆਂ ਨੂੰ ਨਜਿੱਠਦੇ ਹੋ ਅਤੇ ਹੋਰਨਾਂ ਦੇ ਪੱਖਾਂ ਨੂੰ ਕਿਵੇਂ ਮਾਨਤਾ ਦਿੰਦੇ ਹੋ।

ਤੁਹਾਡੇ ਬੱਚੇ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਪ੍ਰੇਰਤ ਕਰਨ ਨਾਲ ਤੁਹਾਡੇ ਬੱਚੇ ਨੂੰ ਦੁਸਰਿਆਂ ਦੇ ਚਿਹਰੇ ਅਤੇ ਸਰੀਰਕ ਭਾਸ਼ਾ 'ਪੜ੍ਹਨ' ਵਿੱਚ ਸਹਾਇਕ ਹੋਣ ਨਾਲ ਇਹ ਉਸ ਦੇ ਸੋਸ਼ਲ ਹੁਨਰ ਵਧਾਉਣ ਵਿੱਚ ਵੀ ਸਹਾਇਕ ਹੋਵੇਗਾ।

## ਭਾਵਨਾਵਾਂ ਨੂੰ ਵੱਸ ਵਿੱਚ ਰੱਖਣਾ

ਸਕੂਲ ਜਾਣ ਦੀ ਸ਼ੁਰੂਆਤ ਤੁਹਾਡੇ ਬੱਚੇ ਵਿੱਚ ਕਈ ਤਰ੍ਹਾਂ ਦੀਆਂ ਭਾਵਨਾਵਾਂ ਪ੍ਰਗਟ ਕਰ ਸਕਦਾ ਹੈ, ਅਤੇ ਇਨ੍ਹਾਂ ਨੂੰ ਵੱਸ ਵਿੱਚ ਕਰਨ ਵਿੱਚ ਲੰਮਾ ਸਮਾ ਲਗ ਸਕਦਾ ਹੈ। ਉਨ੍ਹਾਂ ਨੂੰ ਸਹਾਰਾ ਦੇਣ ਲਈ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਹੁੰਗਾਰਾ ਦੇਣ ਲਈ ਉਨ੍ਹਾਂ ਦੀਆਂ ਗਲਾਂ ਸੁਣੋ ਅਤੇ ਸਵੀਕਾਰ ਕਰੋ।

ਤੁਹਾਡੇ ਬੱਚੇ ਦੀਆਂ ਭਾਵਨਾਵਾਂ ਨੂੰ ਵਿਲੱਖਣ ਤਰੀਕੇ ਨਾਲ ਸਮਝਣ ਸੰਭਾਲਣ ਅਤੇ ਲੋੜ ਪੈਣ ਤੇ ਕੁੱਝ ਢੁਕਵੇਂ ਢੰਗਾਂ ਨਾਲ ਨਿਪਟਣ ਲਈ ਉਸ ਦੀ ਮਦਦ ਕਰੋ। ਤੁਹਾਡਾ ਬੱਚਾ ਆਪਣੀਆਂ ਭਾਵਨਾਵਾਂ ਨੂੰ ਵੱਸ ਵਿੱਚ ਰੱਖਣ ਲਈ ਆਲੇ ਦੁਆਲੇ ਦੇ ਲੋਕਾਂ ਨੂੰ ਵੇਖ ਕੇ ਸਿੱਖ ਜਾਵੇਗਾ

## ਸਿਖਿਆ ਦੇ ਚੰਗੇ ਆਚਾਰਣ

**੧. ਆਪਣੇ ਅਧਿਕਾਰਾਂ ਦੀ ਭਾਲ ਕਰਨੀ**
ਤੁਹਾਡਾ ਬੱਚਾ ਸਵਾਲ ਪੁਛ ਕੇ ਅਤੇ ਹੋਰਨਾਂ ਸੰਭਵ ਕਾਰਜਾਂ ਦੀ ਖੋਜ ਕਰ ਕੇ ਓਦੋਂ ਸਿਖੇਗਾ ਜਦੋਂ ਉਸ ਨੂੰ ਦਿਲਚਸਪੀ ਹੋਵੇ।ਇਸ ਤਰ੍ਹਾਂ ਉਨ੍ਹਾਂ ਨੂੰ ਸਿਰਜਣਾਤਮਕ ਅਤੇ ਜਟਿਲ ਬਣਨ ਵਿੱਚ ਮਦਦ ਮਿਲਦੀ ਹੈ।

**੨. ਸਮੱਸਿਆ ਦਾ ਹੱਲ ਲੱਭਣਾ**
ਆਪਣੇ ਬੱਚੇ ਨੂੰ ਕਾਰਜਾਂ ਨਾਲ ਜੁਝਣ ਲਈ ਪ੍ਰੇਰਤ ਕਰੋ, ਭਾਂਵੇਂ ਉਹ ਭਾਂਵੇਂ ਕਿਨ੍ਹੇ ਗੁੰਝਲਦਾਰ ਵੀ ਹੋਣ। ਤੁਸੀਂ ਉਨ੍ਹਾਂ ਨੂੰ ਆਪਣੀਆਂ ਸਮੱਸਿਆਵਾਂ ਆਪਣੇ ਤਰੀਕੇ ਨਾਲ ਹੱਲ ਕਰਨ ਲਈ ਉਤਸ਼ਾਹਿਤ ਕਰ ਸਕਦੇ ਹੋ।

**੩. ਕੋਸ਼ਿਸ਼ਾਂ ਨੂੰ ਮਾਨਤਾ ਦਿਓ**
ਜਦੋਂ ਵੀ ਤੁਸੀਂ ਆਪਣੇ ਬੱਚੇ ਨੂੰ ਕੋਸ਼ਿਸ਼ ਕਰਦੇ ਵੇਖਦੇ ਹੋ, ਉਨ੍ਹਾਂ ਦੀ ਕੋਸ਼ਿਸ਼ ਨੂੰ ਮਾਨਤਾ ਦਿਓ ਭਾਂਵੇਂ ਨਤੀਜਾ ਕੁੱਝ ਵੀ ਹੋਵੇ।

## ਆਪਣੀ ਨਿੱਜੀ ਮਦਦ (Self-help)ਦੇ ਹੁਨਰ

ਤੁਹਾਡੇ ਬੱਚੇ ਦੀ ਅਜ਼ਾਦੀ ਸਕੂਲ ਦੌਰਾਨ ਵਧੇਗੀ। ਤੁਸੀਂ ਉਨ੍ਹਾਂ ਨੂੰ ਛੋਟੇ, ਪ੍ਰਾਪਤੀਯੋਗ ਕੰਮ ਦੇ ਕੇ ਉਨ੍ਹਾਂ ਦਾ ਹੌਂਸਲਾ ਵਧਾ ਸਕਦੇ ਹੋ ਜਿਵੇਂ:

- ਧੋਤੇ ਹੋਏ ਕੱਪੜੇ ਜੋੜਨੇ
- ਕੱਪੜੇ ਪਾ ਕੇ ਤਿਆਰ ਹੋਣਾ
- ਆਪਣਾ ਲੰਚ ਬਾਕਸ (lunch box) ਖੋਲ੍ਹਣਾ ਅਤੇ ਬੰਦ ਕਰਨਾ
- ਚੀਜਾਂ ਸਾਂਭ ਕੇ ਰੱਖਣੀਆਂ

ਜ਼ਿਆਦਾ ਮੁਸ਼ਕਲ ਹੋ ਜਾਣ ਤੇ ਮਦਦ ਕਰੋ ਅਤੇ ਯਕੀਨਨ ਬਣਾਓ ਕਿ ਤੁਹਾਡੇ ਬੱਚੇ ਨੂੰ ਪਤਾ ਹੋਵੇ ਕਿ ਉਹ ਕਿਸੇ ਅਧਿਆਪਕ ਜਾਂ ਵਿਦਿਆਰਥੀ ਤੋਂ ਸਹਾਇਤਾ ਲੈ ਸਕਦਾ ਹੈ।

## ਇਕਸੁਰਤਾ ਬਣਾਉਣੀ

ਜਿਸਮਾਨੀ ਹੁਨਰ ਤੁਹਾਡੇ ਬੱਚੇ ਦੇ ਸਕੂਲ ਵਿੱਚ ਖੇਡਣ ਅਤੇ ਸਿੱਖਣ ਵਿੱਚ ਮਦਦ ਕਰਦੇ ਹਨ। ਉਤਾਂਹ ਚੜ੍ਹਨ, ਗੇਂਦ ਸੁਟਣ ਜਾਂ ਫੜ੍ਹਨ ਲਈ ਵੱਡੀਆਂ ਸਰਗਰਮੀਆਂ (large movements) ਜਿਨ੍ਹਾਂ ਨੂੰ 'ਗਰੌਸ ਮੋਟਰ ਹੁਨਰ' (gross motor' skills) ਕਿਹਾ ਜਾਂਦਾ ਹੈ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਭਵਿੱਖ ਦੇ 'ਫਾਈਨ ਮੋਟਰ'('fine motor') ਪ੍ਰਗਤੀ ਲਈ ਮਜ਼ਬੂਤ ਨੀਹਾਂ ਪ੍ਰਦਾਨ ਕਰਦੇ ਹਨ।

ਕੈਂਚੀ ਦੀ ਵਰਤੋਂ ਨਾਲ ਡਰਾਇੰਗ ਕਰਨ ਅਤੇ ਲੰਚ ਬਾਕਸ ਖੋਲਣ ਲਈ ਫਾਈਨ ਮੋਟਰ ਹੁਨਰ ਲੋੜੀਂਦੇ ਹਨ। ਘਰ ਹੋਣ ਦੇ ਸਮੇਂ, ਕੰਸਟਰੱਕਸ਼ਨ ਖਿਲੌਣਿਆਂ ਨਾਲ ਖੇਡਣ ਲਈ ਚੂੰਡੀਆਂ (pegs) ਜਾਂ ਬਾਗੀਚੇ ਵਿੱਚਲਾ ਕੰਮ ਤੁਹਾਡੇ ਬੱਚੇ ਦੇ ਫਾਈਨ ਮੋਟਰ ਹੁਨਰਾਂ ਨੂੰ ਬਿਹਤਰ ਕਰ ਸਕਦਾ ਹੈ।

## ਪਰਿਵਾਰ

ਤੁਸੀਂ ਆਪ ਹੀ ਤੁਹਾਡੇ ਬੱਚੇ ਦੇ ਪਹਿਲੇ ਮਹੱਤਵਪੂਰਣ ਅਧਿਆਪਕ ਹੋ। ਤੁਹਾਡੇ ਬੱਚੇ ਦੀ ਸਿਖਿਆ ਵਿੱਚ ਤੁਹਾਡੀ ਸ਼ਮੂਲੀਅਤ ਉਨ੍ਹਾਂ ਨੂੰ ਸਕੂਲ ਵਿੱਚ ਸਫਲ ਬਣਾ ਸਕਦੀ ਹੈ।

ਜ਼ਿਆਦਾ ਤੋਂ ਜ਼ਿਆਦਾ ਖੇਡਣ ਦੇ ਸਮੇਂ ਪ੍ਰਦਾਨ ਕਰੋ, ਗਾਓ ਅਤੇ ਕਹਾਣੀਆਂ ਸਾਂਝੀਆਂ ਕਰੋ, ਤੁਹਾਡੇ ਬੱਚੇ ਨੂੰ ਪੜ੍ਹਾਉਣ ਵਾਲਿਆਂ ਨਾਲ ਸਾਂਝੀਵਾਲਤਾ ਪੈਦਾ ਕਰੋ ਅਤੇ ਪੜ੍ਹਾਈ ਨਾਲ ਨੇੜਤਾ ਪੈਦਾ ਕਰੋ।

ਥੋੜ੍ਹਾ ਜਿਹਾ ਵੀ ਇੱਕ ਵੱਡਾ ਬਦਲਾਵ ਲਿਆ ਸਕਦਾ ਹੈ।

## ਆਪਣਾ ਖਿਆਲ ਰੱਖੋ

ਆਪਣਾ ਖਿਆਲ ਰੱਖਣ ਨਾਲ ਤੁਹਾਡੇ ਬੱਚੇ ਦਾ ਖਿਆਲ ਰੱਖਣ ਵਿੱਚ ਵੀ ਮਦਦ ਮਿਲਦੀ ਹੈ। ਜਦੋਂ ਤੁਹਾਡਾ ਬੱਚਾ ਸਕੂਲ ਜਾਣ ਲਗਦਾ ਹੈ ਤਾਂ ਤੁਸੀਂ ਫਿਕਰਮੰਦ, ਉਦਾਸ ਖੁਸ਼ ਜਾਂ ਮੁਕਤ ਹੋਏ ਵੀ ਮਹਿਸੂਸ ਕਰ ਸਕਦੇ ਹੋ। ਤੁਹਾਨੂੰ ਆਪਣੇ ਸਕੂਲ ਦੇ ਦੌਰ ਦੀਆਂ ਯਾਦਾਂ ਵੀ ਆ ਸਕਦੀਆਂ ਹਨ।

ਇਨ੍ਹਾਂ ਭਾਵਨਾਵਾਂ ਨੂੰ ਮਹਿਸੂਸ ਕਰਨਾ ਅਤੇ ਇਨ੍ਹਾਂ ਦੇ ਤੁਹਾਡੇ ਤੇ ਅਸਰ ਨੂੰ ਸਮਝਣਾ ਜ਼ਰੂਰੀ ਹੈ। ਆਪਣੀਆਂ ਭਾਵਨਾਵਾਂ ਨੂੰ ਆਪਣੇ ਭਰੋਸੇਯੋਗ ਦੋਸਤਾਂ ਮਿਤਰਾਂ ਨਾਲ ਸਾਂਝੀਆਂ ਕਰੋ ਅਤੇ ਤੁਹਾਡੇ ਬੱਚੇ ਦੇ ਅਧਿਆਪਕ ਨਾਲ ਚੰਗਾ ਰਿਸ਼ਤਾ ਕਾਇਮ ਕਰੋ।

### ਹੋਰ ਜਾਣਕਾਰੀ

ਤੁਹਾਡੇ ਬੱਚੇ ਦੇ ਸਕੂਲ ਵਿੱਚ ਤੁਸੀਂ ਮੁਫਤ ਦੁਭਾਸ਼ਿਆਈ ਸੇਵਾ ਦੀ ਮੰਗ ਕਰ ਸਕਦੇ ਹੋ

ਤੁਹਾਡੇ ਬੱਚੇ ਦੇ ਸਕੂਲ ਜਾਣ ਲਈ ਲਈ ਪਰਿਵਰਤਨ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈਬਸਾਈਟ ਤੇ ਜਾਓ:
**transitiontoschool.net**

### ਸਾਡੇ ਨਾਲ ਸੰਪਰਕ ਕਰੋ

**Connect Child and Family Services**
48-50 Oaklands Road,
Hazelbrook NSW 2779
**P** 02 4758 9966 **F** 02 4758 9988
**E** connect@connect.asn.au
**FB** Connect Child and Family Services
**W** connect.asn.au

connect
CHILD AND FAMILY SERVICES

Connect acknowledges the contribution of Families NSW.

RENODESIGN 35001-03_T2S_PUN_V7_11.2015 • PHOTOS © CONNECT CFS